# ਅਧਿਆਇ - 13

## ਸਿੱਧਾ ਅਤੇ ਉਲਟ ਸਮਾਨ ਅਨੁਪਾਤ

**ਸਿੱਧਾ ਸਮਾਨ ਅਨੁਪਾਤ:-** ਦੋ ਰਾਸ਼ੀਆਂ $x$ ਅਤੇ $y$ ਸਿੱਧੇ ਸਮਾਨ ਅਨੁਪਾਤ ਵਿੱਚ ਹੋਣਗੀਆਂ ਜੇ ਉਹ ਨਾਲ-ਨਾਲ ਇਸ ਤਰ੍ਹਾਂ ਵੱਧਦੀਆਂ ਜਾਂ ਘੱਟਦੀਆਂ ਹਨ ਕਿ ਉਹਨਾਂ ਦੇ ਮੁੱਲਾਂ ਦਾ ਅਨੁਪਾਤ ਅਚੱਲ ਰਹਿੰਦਾ ਹੈ। ਜਾਂ $\frac{x}{y} = K$ (ਅਚੱਲ ਜਾਂ ਇਕੋ ਜਿਹਾ ਰਹਿੰਦਾ ਹੈ)

ਅਸੀਂ ਇਸ ਤਰ੍ਹਾਂ ਵੀ ਲਿਖ ਸਕਦੇ

$$\frac{x_1}{y_1} = \frac{x_2}{y_2} \quad \text{ਜਾਂ} \quad \boxed{x_1 y_2 = x_2 y_1}$$

**ਉਦਾਹਰਣ:-**

ਜੇਕਰ 1 kg ਖੰਡ ਦਾ ਮੁੱਲ = ₹ 35 ਹੈ

3 kg ਖੰਡ ਦਾ ਮੁੱਲ = 3×35 = 105 ਰੁਪਏ

5 kg ਖੰਡ ਦਾ ਮੁੱਲ = 5×35 = 175 ਰੁਪਏ

ਜਿਵੇਂ-ਜਿਵੇਂ ਖੰਡ ਦਾ ਭਾਰ ਵੱਧਦਾ ਹੈ

ਉਵੇਂ-ਉਵੇਂ ਹੀ ਖੰਡ ਦਾ ਮੁੱਲ ਵੱਧਦਾ ਹੈ

ਇਸ ਲਈ ਇਹ ਸਿੱਧੇ ਸਮਾਨ ਅਨੁਪਾਤ ਹੈ

| ਭਾਰ | 1 | 3 | 5 | → ਭਾਰ ਵੱਧਦਾ |
|---|---|---|---|---|
| ਮੁੱਲ | 35 | 105 | 175 | → ਮੁੱਲ ਵੱਧਦਾ |

$$\frac{x_1}{y_1} = \frac{1}{35}, \quad \frac{x_2}{y_2} = \frac{3}{105} = \frac{1}{35} \quad \left[\because \frac{x_1}{y_1} = \frac{x_2}{y_2}\right]$$

## ਉਦਾਹਰਣ 2

ਬੈਂਕ ਵਿੱਚ ਜਿੰਨੇ ਪੈਸੇ ਜਿਆਦਾ ਹੋਣ
ਉਨਾ ਹੀ ਵਿਆਜ ਜਿਆਦਾ ਮਿਲਦਾ

| | | | |
|---|---|---|---|
| ਬੈਂਕ ਵਿੱਚ | 1000 ਰੁਪਏ | 2000 ਰੁਪਏ | → ਜਿਆਦਾ ਪੈਸ |
| ਵਿਆਜ | 100 ਰੁਪਏ | 200 ਰੁਪਏ | → ਜਿਆਦਾ ਵਿ |

ਇਸ ਲਈ ਇਹ ਸਿੱਧਾ ਸਮਾਨ ਅਨੁਪਾਤ ਹੈ

## ਉਦਾਹਰਣ 3

ਇੱਕ ਘੜੀ ਲਵੋ ਅਤੇ ਉਸਦੀ ਛੋਟੀ ਸੂਈ (ਮਿੰਟ ਦਾ
ਨੂੰ 12 ਤੇ ਰੱਖੋ ਅਤੇ ਉਸ ਦੁਆਰਾ ਘੁੰਮੇ ਗ
ਕੋਣ ਨੂੰ ਵੇਖੋ




| | | | | | |
|---|---|---|---|---|---|
| ਸਮਾਂ | $T_1 = 15$ ਮਿੰਟ | $T_2 = 30$ ਮਿੰਟ | $T_3 = 45$ ਮਿੰਟ | $T_4 = 60$ ਮਿੰਟ | → ਸਮਾਂ |
| ਕੋਣ | $A_1 = 90°$ | $A_2 = 180°$ | $A_3 = 270°$ | $A_4 = 360°$ | → ਕੋਣ |

$\frac{T_1}{A_1} = \frac{15}{90} = \frac{1}{6}$  $\frac{T_3}{A_3} = \frac{45}{270} = \frac{1}{6}$ (ਅਨੁ

$\frac{T_2}{A_2} = \frac{30}{180} = \frac{1}{6}$  $\frac{T_4}{A_4} = \frac{60}{360} = \frac{1}{6}$ (ਅਨੁ

ਇਸ ਲਈ - ਇਹ ਸਿੱਧਾ ਸਮਾਨ ਅਨੁਪਾਤ ਹੈ